ਸ.ਫ਼ਾ 3 ਦੀਆਂ ਬਾਕੀਆਂ

26 ਸਾਲ ਬਾਅਦ ਦਿੱਲੀ ਦੀ ਸੱਤਾ 'ਚ ਪਰਤੀ ਭਾਜਪਾ

ਮੋਹਨ ਸਿੰਘ ਬਿਸ਼ਟ ਨੇ 17,578 ਵੋਟਾਂ ਨਾਲ ਜਿੱਤ ਹਾਸਲ ਕੀਤੀ, ਜਦਕਿ ਉਨ੍ਹਾਂ ਦੇ ਸਾਥੀ ਕਪਿਲ ਮਿਸ਼ਰਾ ਨੇ ਕਰਾਵਲ ਨਗਰ ਤੋਂ 23,355 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਦਿੱਲੀ ਕੈਂਟ ਸੀਟ ਤੋਂ ਆਮ ਆਦਮੀ ਪਾਰਟੀ ਦੇ ਵਰਿੰਦਰ ਸਿੰਘ ਕਾਦੀਆਂ ਨੇ 2,029 ਵੋਟਾਂ ਨਾਲ ਜਿੱਤ ਹਾਸਲ ਕੀਤੀ ਜਦਕਿ ਕੁਲਦੀਪ ਕੁਮਾਰ ਨੇ ਅਪਣੇ ਨੇੜਲੇ ਵਿਰੋਧੀ ਨੂੰ 6,293 ਵੋਟਾਂ ਦੇ ਫਰਕ ਨਾਲ ਹਰਾਇਆ।

ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਦੇ ਸਾਹੀ ਰਾਮ ਤੁਗਲਕਾਬਾਦ ਤੋਂ 14,711 ਵੋਟਾਂ, ਸੁਲਤਾਨਪੁਰ ਮਾਜਰਾ ਤੋਂ ਮੁਕੇਸ਼ ਅਹਲਾਵਤ 17,126 ਵੋਟਾਂ, ਤਿਲਕ ਨਗਰ ਤੋਂ ਜਰਨੈਲ ਸਿੰਘ 11,656 ਵੋਟਾਂ ਅਤੇ ਬੱਲੀਮਾਰਨ ਤੋਂ ਇਮਰਾਨ ਹੁਸੈਨ 29,823 ਵੋਟਾਂ ਨਾਲ ਜੇਤੂ ਰਹੇ। ਸ਼ਾਲੀਮਾਰ ਬਾਗ ਸੀਟ ਤੋਂ ਭਾਜਪਾ ਦੀ ਰੇਖਾ ਗੁਪਤਾ ਨੇ ਅਪਣੇ ਵਿਰੋਧੀ 'ਆਪ' ਨੂੰ 29,595 ਵੋਟਾਂ ਨਾਲ ਹਰਾਇਆ, ਜਦਕਿ ਮਨਜਿੰਦਰ ਸਿੰਘ ਸਿਰਸਾ ਰਾਜੌਰੀ ਗਾਰਡਨ ਤੋਂ 18,190 ਵੋਟਾਂ ਨਾਲ ਜੇਤੂ ਰਹੇ। ਤਿਲਕ ਰਾਮ ਗੁਪਤਾ ਨੇ ਤ੍ਰਿਨਗਰ ਸੀਟ ਤੋਂ 15,896 ਵੋਟਾਂ, ਉਮੰਗ ਬਜਾਜ ਨੇ ਰਾਜਿੰਦਰ ਨਗਰ ਤੋਂ 1,231 ਵੋਟਾਂ ਅਤੇ ਚੰਦਨ ਕੁਮਾਰ ਚੌਧਰੀ ਨੇ ਸੰਗਮ ਵਿਹਾਰ ਤੋਂ 344 ਵੋਟਾਂ ਨਾਲ ਜਿੱਤ ਹਾਸਲ ਕੀਤੀ। ਮੱਧ ਵਰਗ ਨੂੰ ਵੱਡੀ ਟੈਕਸ ਰਿਆਇਤਾਂ ਦੇਣ ਵਾਲੇ ਕੇਂਦਰੀ ਬਜਟ ਤੋਂ ਕੁਝ ਦਿਨ ਬਾਅਦ ਹੋਈਆਂ ਚੋਣਾਂ ਨਾਲ ਦਿੱਲੀ ਵਿੱਚ ਭਾਜਪਾ ਦੀ ਲੋਕ ਸਭਾ ਜਿੱਤ ਦਾ ਸਿਲਸਿਲਾ ਜਾਰੀ ਰਿਹਾ। ਲੋਕ ਸਭਾ 'ਚ ਉਸ ਨੇ ਸਾਰੀਆਂ ਸੱਤ ਸੀਟਾਂ ਜਿੱਤੀਆਂ। ਪਰ ਇਸ ਵਾਰ ਦਾ ਮੈਦਾਨ ਵੱਖਰਾ ਸੀ।

ਪਾਣੀ, ਡਰੇਨੇਜ ਅਤੇ ਕੂੜਾ-ਕਰਕਟ ਵਰਗੇ ਜ਼ਮੀਨੀ ਪੱਧਰ ਦੇ ਮੁੱਦੇ ਦੋਵਾਂ ਪਾਰਟੀਆਂ ਦੀਆਂ ਅਸਥਿਰ ਮੁਹਿੰਮਾਂ ਦੇ ਵਿਰੁੱਧ ਉੱਠੇ ਅਤੇ ਵੋਟਰਾਂ ਨੇ ਨਿਰਾਸ਼ਾਜਨਕ ਪ੍ਰਦੂਸ਼ਿਤ ਸ਼ਹਿਰ ਵਿਚ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਦਾ ਗੰਭੀਰਤਾ ਨਾਲ ਮੁਲਾਂਕਣ ਕੀਤਾ। ਭਾਜਪਾ ਨੇ ਅਪਣੇ ਵਿਰੋਧੀ 'ਤੇ ਹਮਲਾ ਕਰਨ ਲਈ ਹਿੰਦੀ ਸ਼ਬਦ 'ਆਪ-ਦਾ' ਦੀ ਵਰਤੋਂ ਕਰਦਿਆਂ ਕੇਜਰੀਵਾਲ ਵਲੋਂ ਨਵੀਨੀਕਰਨ ਅਤੇ ਆਬਕਾਰੀ ਨੀਤੀ 'ਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਬਾਅਦ ਮੁੱਖ ਮੰਤਰੀ ਦੀ ਰਿਹਾਇਸ਼ ਲਈ 'ਸ਼ੀਸ਼ ਮਹਿਲ' ਨੂੰ ਚਰਚਾ ਦਾ ਵਿਸ਼ਾ ਬਣਾ ਦਿਤਾ। (ਪੀਟੀਆਈ)

ਦੇਸ਼ ਨੂੰ ਫ਼ਰੇਬੀ ਅਤੇ ਮੂਰਖਤਾ ਭਰੀ ਸਿਆਸਤ ਨਹੀਂ ਚਾਹੀਦੀ : ਮੋਦੀ

ਸਨਿਚਰਵਾਰ ਸ਼ਾਮ ਨੂੰ ਭਾਜਪਾ ਹੈੱਡਕੁਆਰਟਰ 'ਚ ਪਾਰਟੀ ਵਰਕਰਾਂ ਅਤੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ 'ਆਪ-ਦਾ' ਨੂੰ ਦਰਵਾਜ਼ਾ ਵਿਖਾ ਦਿਤਾ ਹੈ ਅਤੇ ਹੁਣ ਡਬਲ ਇੰਜਣ ਵਾਲੀ ਸਰਕਾਰ ਦੁੱਗਣੀ ਰਫਤਾਰ ਨਾਲ ਵਿਕਾਸ ਨੂੰ ਯਕੀਨੀ ਬਣਾਏਗੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸ਼ਹਿਰ ਦੇ ਸਰਵਪੱਖੀ ਵਿਕਾਸ ਅਤੇ ਇਸ ਦੇ ਵਸਨੀਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਉਨ੍ਹਾਂ ਕਿਹਾ, "ਅਸੀਂ ਗਾਰੰਟੀ ਦਿੰਦੇ ਹਾਂ ਕਿ ਅਸੀਂ ਦਿੱਲੀ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਇਸ ਦੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕੋਈ ਕਸਰ ਨਹੀਂ ਛੱਡਾਂਗੇ। ਇਸ ਦੇ ਨਾਲ ਹੀ ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਦਿੱਲੀ ਵਿਕਸਤ ਭਾਰਤ ਦੇ ਨਿਰਮਾਣ 'ਚ ਮਹੱਤਵਪੂਰਨ ਭੂਮਿਕਾ ਨਿਭਾਏ।" ਮੋਦੀ ਨੇ ਕਿਹਾ ਕਿ ਉਨ੍ਹਾਂ ਨੂੰ ਭਾਜਪਾ ਵਰਕਰਾਂ 'ਤੇ ਮਾਣ ਹੈ ਜਿਨ੍ਹਾਂ ਨੇ ਇੰਨੇ ਵੱਡੇ ਫਤਵੇ ਲਈ ਦਿਨ-ਰਾਤ ਮਿਹਨਤ ਕੀਤੀ। ਉਨ੍ਹਾਂ ਕਿਹਾ, "ਹੁਣ ਅਸੀਂ ਹੋਰ ਤਾਕਤ ਨਾਲ ਦਿੱਲੀ ਦੇ ਲੋਕਾਂ ਦੀ ਸੇਵਾ ਲਈ ਸਮਰਪਿਤ ਹੋਵਾਂਗੇ।" (ਪੀਟੀਆਈ)

ਪਾਰਟੀ ਲੀਡਰਸ਼ਿਪ ਦਿੱਲੀ ਦੇ ਅਗਲੇ ਮੁੱਖ ਮੰਤਰੀ ਦਾ ਫ਼ੈਸਲਾ ਕਰੇਗੀ : ਪਰਵੇਸ਼ ਵਰਮਾ

ਵਰਮਾ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਦੀ ਮਜ਼ਬੂਤ ਅਗਵਾਈ ਹੇਠ ਉਹ ਦਿੱਲੀ 'ਚ 'ਅਸਲ ਤਬਦੀਲੀ' ਲਿਆਉਣ ਲਈ ਅਣਥੱਕ ਮਿਹਨਤ ਕਰਨਗੇ। ਜਿੱਤ ਤੋਂ ਬਾਅਦ ਵਰਮਾ ਨੇ ਰਾਜੌਰੀ ਗਾਰਡਨ ਤੋਂ ਜਿੱਤਣ ਵਾਲੇ ਮਨਜਿੰਦਰ ਸਿੰਘ ਸਿਰਸਾ ਨਾਲ ਬੰਗਲਾ ਸਾਹਿਬ ਗੁਰਦੁਆਰੇ ਜਾ ਕੇ ਆਸ਼ੀਰਵਾਦ ਲਿਆ। ਸਿਰਸਾ ਨੇ ਕਿਹਾ ਕਿ ਪਿਛਲੇ ਕੁੱਝ ਸਾਲਾਂ ਤੋਂ ਕੇਜਰੀਵਾਲ ਦੀ ਕਾਰਗੁਜ਼ਾਰੀ ਦੀ ਘਾਟ ਕਾਰਨ ਉਨ੍ਹਾਂ ਨੂੰ ਨਤੀਜੇ ਮਿਲੇ ਹਨ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਕੇਜਰੀਵਾਲ ਨਵੀਂ ਦਿੱਲੀ ਸੀਟ ਤੋਂ ਵਰਮਾ ਤੋਂ 4,089 ਵੋਟਾਂ ਦੇ ਫਰਕ ਨਾਲ ਹਾਰ ਗਏ। ਕੇਜਰੀਵਾਲ ਨੇ 2013, 2015 ਅਤੇ 2020 'ਚ ਇਹ ਸੀਟ ਜਿੱਤੀ ਸੀ। (ਪੀਟੀਆਈ)

ਦਿੱਲੀ ਚੋਣਾਂ 'ਚ 5 ਸਿੱਖ ਉਮੀਦਵਾਰ ਰਹੇ ਜੇਤੂ

ਅਤੇ ਕ੍ਰਿਸ਼ਨਾ ਨਗਰ ਸੀਟ ਤੋਂ ਗੁਰਚਰਨ ਸਿੰਘ ਰਾਜੂ ਨੂੰ ਟਿਕਟ ਦਿਤੀ ਸੀ, ਜੋ ਹਾਰ ਗਏ। ਜ਼ਿਕਰਯੋਗ ਹੈ ਕਿ ਦਿੱਲੀ ਵਿਚ ਆਮ ਆਦਮੀ ਪਾਰਟੀ ਨੇ ਚਾਰ, ਕਾਂਗਰਸ ਨੇ ਚਾਰ ਅਤੇ ਭਾਜਪਾ ਨੇ ਤਿੰਨ ਸਿੱਖ ਉਮੀਦਵਾਰਾਂ ਨੂੰ ਟਿਕਟ ਦਿਤੀ ਸੀ। ਭਾਵੇਂ ਕਿ ਪੁਰਾਣੇ ਇਤਿਹਾਸ ਤੇ ਰਵਾਇਤ ਮੁਤਾਬਕ ਜੇਤੂ ਸਿੱਖ ਉਮੀਦਵਾਰ ਆਪਣੀਆਂ ਪਾਰਟੀਆਂ ਨੂੰ ਸਮਰਪਤ ਹੁੰਦੇ ਹਨ ਤੇ ਕਿਣਕਾ ਮਾਤਰ ਸਿੱਖਾਂ ਦੇ ਮੁੱਦੇ ਚੁਕਦੇ ਹਨ।

ਸਾਲ 2011 ਦੀ ਮਰਦਮਸ਼ੁਮਾਰੀ ਮੁਤਾਬਕ ਦਿੱਲੀ ਦੀ ਕੁੱਲ ਆਬਾਦੀ 1 ਕਰੋੜ 67 ਲੱਖ 87 ਹਜ਼ਾਰ 941 ਵਿਚ ਸਿੱਖਾਂ ਦੀ ਆਬਾਦੀ 3.40 ਫ਼ੀ ਸਦੀ ਦੇ ਹਿਸਾਬ ਨਾਲ 5 ਲੱਖ, 70 ਹਜ਼ਾਰ 581 ਸੀ, ਜਦ ਕਿ ਗੈਰ ਸਰਕਾਰੀ ਤੌਰ 'ਤੇ ਦਿੱਲੀ ਵਿਚ ਸਿੱਖਾਂ ਦੀ ਆਬਾਦੀ 8 ਤੋਂ 10 ਲੱਖ ਮੰਨੀ ਜਾਂਦੀ ਹੈ। ਪੱਛਮੀ ਦਿੱਲੀ ਦੇ ਤਿਲਕ ਨਗਰ, ਰਾਜੌਰੀ ਗਾਰਡਨ, ਜਨਕਪੁਰੀ, ਪੰਜਾਬੀ ਬਾਗ਼ ਮੋਤੀ ਨਗਰ ਵਿਚ ਸਿੱਖਾਂ ਦੀ ਖ਼ਾਸੀ ਆਬਾਦੀ ਹੈ। 25 ਮਈ 2024 ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਤਿਲਕ ਨਗਰ, ਰਾਜੌਰੀ ਗਾਰਡਨ ਦੇ ਨਾਲ ਹਰੀ ਨਗਰ ਵਿਚ ਚੰਗਾ ਵੋਟ ਮਿਲਿਆ ਸੀ।

ਜੰਗਪੁਰਾ, ਕਾਲਕਾ ਜੀ ਤੇ ਕੁਝ ਹੋਰ ਇਲਾਕਿਆਂ ਵਿਚ ਵੀ ਸਿੱਖਾਂ ਦੀ ਵੋਟਾਂ ਹਨ, ਪਰ ਦਿਲਚਸਪ ਗੱਲ ਹੈ ਕਿ ਪਛਮੀ ਦਿੱਲੀ ਲੋਕ ਸਭਾ ਦੀਆਂ 10 ਸੀਟਾਂ 'ਚੋਂ ਸਿਰਫ਼ ਤਿਲਕ ਨਗਰ ਸੀਟ 'ਤੇ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਤੇ ਤਿਲਕ ਨਗਰ ਤੋਂ ਤਿੰਨ ਵਾਰ ਵਿਧਾਇਕ ਰਹੇ ਜਰਨੈਲ ਸਿੰਘ ਚੌਥੀ ਵਾਰ ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ 52 ਹਜ਼ਾਰ 134 ਵੋਟਾਂ ਲੈ ਕੇ ਜੇਤੂ ਰਹੇ ਹਨ। ਉਨ੍ਹਾਂ ਅਪਣੀ ਵਿਰੋਧੀ ਭਾਜਪਾ ਦੀ ਉਮੀਦਵਾਰ ਸ਼ਵੇਤਾ ਸੈਣੀ ਨੂੰ 11 ਹਜ਼ਾਰ 656 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਹੈ। ਤਿਲਕ ਨਗਰ ਹਲਕੇ ਵਿਚ ਕੁਲ 96 ਹਜ਼ਾਰ 503 ਵੋਟਾਂ ਪੋਲ ਹੋਈਆਂ ਸਨ ਤੇ ਭਾਜਪਾ ਦੀ ਉਮੀਦਵਾਰ ਸ਼ਵੇਤਾ ਸੈਣੀ ਨੂੰ 40 ਹਜ਼ਾਰ 478 ਵੋਟਾਂ ਮਿਲੀਆਂ ਹਨ। ਇਸੇ ਤਰ੍ਹਾਂ ਰਾਜੌਰੀ ਗਾਰਡਨ ਸੀਟ ਤੋਂ ਭਾਜਪਾ ਉਮੀਦਵਾਰ ਤੇ ਦਿੱਲੀ ਗੁਰਦਵਾਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ 64 ਹਜ਼ਾਰ 12 ਵੋਟਾਂ ਲੈ ਕੇ, ਆਮ ਆਦਮੀ ਪਾਰਟੀ ਦੀ ਧਨਵਤੀ ਚੰਦੇਲਾ ਨੂੰ 18 ਹਜ਼ਾਰ 190 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਹੈ। ਰਾਜੌਰੀ ਵਿਚ ਕੁਲ 1 ਲੱਖ 14 ਹਜ਼ਾਰ 806 ਵੋਟਾਂ ਪੋਲ ਹੋਈਆਂ ਸਨ।

ਜੰਗਪੁਰਾ ਸੀਟ ਤੋਂ ਤਰਵਿੰਦਰ ਸਿੰਘ ਮਾਰਵਾਹ ਨੇ 28 ਹਜ਼ਾਰ 859 ਵੋਟਾਂ ਲੈ ਕੇ, ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਉਪ ਮੁਖ ਮੰਤਰੀ ਮਨੀਸ਼ ਸਿਸੋਦੀਆ ਨੂੰ ਫੱਸਵੀਂ ਟੱਕਰ ਵਿਚ 675 ਵੋਟਾਂ ਨਾਲ ਹਰਾਇਆ। ਸਿਸੋਦੀਆ ਨੂੰ 38 ਹਜ਼ਾਰ 81 ਵੋਟਾਂ ਮਿਲੀਆਂ ਹਨ। ਜੰਗਪੁਰਾ ਹਲਕੇ ਵਿਚ ਕੁਲ 85 ਹਜ਼ਾਰ 511 ਵੋਟਾਂ ਪੋਲ ਹੋਈਆਂ ਸਨ।

ਦੇਸ਼ 'ਚ ਲਗਭਗ 60 ਫ਼ੀ ਸਦੀ ਕਣਕ ਤੇ ਚੌਲਾਂ ਦੇ ਉਤਪਾਦਨ 'ਚ 70 ਫ਼ੀ ਸਦੀ ਯੋਗਦਾਨ ਪਾਉਂਦਾ ਹੈ ਪੰਜਾਬ : ਰਾਜਪਾਲ ਕਟਾਰੀਆ

ਕਨਵੋਕੇਸ਼ਨ ਦੌਰਾਨ ਮਾਹਰਾਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਦਾ ਮਿਸਾਲੀ ਕਾਰਜ ਕਰਨ ਲਈ ਪੀਏਯੂ ਦੀ ਸ਼ਲਾਘਾ ਕੀਤੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿਤਾ ਕਿ ਅਧਿਆਪਕ ਹੀ ਸਮਾਜ ਦੇ ਅਸਲ ਨਿਰਮਾਤਾ ਹੁੰਦੇ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਖਾਰਦੇ ਹਨ। ਅਪਣੇ ਸੰਬੋਧਨ ਵਿਚ ਰਾਜਪਾਲ ਨੇ ਪੀ.ਏ.ਯੂ ਨੂੰ ਭਾਰਤੀ ਖੇਤੀ ਵਿਚ ਕ੍ਰਾਂਤੀ ਲਿਆਉਣ ਵਾਲੇ ਵਿਗਿਆਨੀਆਂ ਅਤੇ ਕਿਸਾਨਾਂ ਦੀ ਮਿਹਨਤ ਅਤੇ ਲਗਨ ਦੇ ਸੰਤਭਾਂ ਉਪਰ ਖੜੀ ਹੋਈ ਪਵਿੱਤਰ ਸੰਸਥਾ ਵਜੋਂ ਸ਼ਲਾਘਾ ਕੀਤੀ। ਅਪਣੀ ਕਨਵੋਕੇਸ਼ਨ ਰਿਪੋਰਟ ਵਿਚ, ਵਾਈਸ-ਚਾਂਸਲਰ ਡਾ: ਸਤਿਬੀਰ ਸਿੰਘ ਗੋਸਲ ਨੇ ਪਿਛਲੇ ਕੁੱਝ ਸਾਲਾਂ ਵਿਚ ਪੀਏਯੂ ਦੀਆਂ ਅਕਾਦਮਿਕ ਪ੍ਰਾਪਤੀਆਂ, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਬੁਨਿਆਦੀ ਖੋਜ ਪਹਿਲਕਦਮੀਆਂ ਦੀ ਵਿਆਪਕ ਜਾਣਕਾਰੀ ਪ੍ਰਦਾਨ ਕੀਤੀ।

ਕੈਨੇਡੀਅਨ ਮਾਂ ਚਾਰ ਸਾਲਾ ਪੁੱਤਰ ਨੂੰ ਲੱਭਣ ਲਈ ਖਾ ਰਹੀ ਹੈ ਦਰ-ਦਰ ਠੋਕਰਾਂ

ਕਿ ਉਹ ਭਾਰਤ ਛੱਡ ਕੇ ਕਿਸੇ ਹੋਰ ਮੁਲਕ ਵਿਚ ਜਾ ਸਕਦਾ ਹੈ। ਕੈਮਿਲਾ ਨੇ ਦਸਿਆ ਕਿ ਉਸ ਦੇ ਪਤੀ ਦੇ ਪਹਿਲਾਂ ਦੋ ਵਿਆਹ ਭਾਰਤੀ ਕੁੜੀਆਂ ਨਾਲ ਹੋਏ ਸਨ ਅਤੇ ਉਹ ਕਪਿਲ ਦੀ ਤੀਜੀ ਘਰਵਾਲੀ ਸੀ ਜਿਸ ਨੂੰ ਕਿ ਉਸ ਨੇ ਮੈਟਰੀਮੋਨੀਅਲ ਵੈੱਬਸਾਈਟ ਉਤੇ ਵਿਆਹ ਦਾ ਪ੍ਰਸਤਾਵ ਦੇ ਕੇ ਅਤੇ ਵਿਆਹ ਕਰਵਾ ਕੇ ਕੈਨੇਡਾ ਲੈ ਆਇਆ। ਉਸ ਨੇ ਕਿਹਾ ਕਿ ਉਸ ਦਾ ਘਰਵਾਲਾ ਬੇਰਹਿਮ ਸੁਭਾਅ ਦਾ ਮਾਲਕ ਹੈ। ਉਹ ਉਸ ਨਾਲ ਕੁੱਟਮਾਰ ਕਰਦਾ ਸੀ ਅਤੇ ਬੱਚੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ।ਕੈਮਿਲਾ ਮੁਤਾਬਕ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸਰਕਾਰ ਅਤੇ ਕਪਿਲ ਨੂੰ ਨੋਟਿਸ ਜਾਰੀ ਕਰਨ ਤੋਂ ਬਾਅਦ ਉਹ ਅਪਣੇ ਵਕੀਲ ਅਭਿਨਵ ਸੂਦ ਨਾਲ ਡੀਐਸਪੀ ਖਰੜ ਨੂੰ ਮਿਲੀ ਪਰ ਪੁਲਿਸ ਦੀ ਕਾਰਵਾਈ ਤੋਂ ਪਹਿਲਾਂ ਹੀ ਕਪਿਲ ਅਪਣੇ ਰਿਸ਼ਤੇਦਾਰਾਂ ਕੋਲ ਪਾਣੀਪਤ ਭੱਜ ਗਿਆ। ਕੈਮਿਲਾ ਨੇ ਦਸਿਆ ਕਿ ਉਹ ਪਾਣੀਪਤ ਵੀ ਗਈ ਅਤੇ ਪ੍ਰਸ਼ਾਸਨ ਨੂੰ ਮਿਲੀ। ਬਾਲ ਭਲਾਈ ਕਾਊਂਸਿਲ ਅਤੇ ਪੁਲਿਸ ਨੇ ਉਸ ਦੇ ਪਤੀ ਨੂੰ ਲੱਭ ਕੇ ਹਦਾਇਤ ਕੀਤੀ ਕਿ 17/2/2025 ਨੂੰ ਉਹ ਕਮੇਟੀ ਦੇ ਅਧਿਕਾਰੀਆਂ ਨਾਲ ਹਾਈ ਕੋਰਟ ਪੇਸ਼ ਹੋਵੇਗਾ। ਕੈਮਿਲਾ ਨੇ ਰੋਂਦੇ ਹੋਏ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਸ ਦੇ ਪਤੀ ਨੂੰ ਭਾਰਤ ਛੱਡ ਕੇ ਕਿਸੇ ਹੋਰ ਮੁਲਕ ਜਾਣ ਤੋਂ ਰੋਕਿਆ ਜਾਵੇ ਅਤੇ ਉਸ ਦੇ ਬੱਚੇ ਦਾ ਬਚਾਅ ਕੀਤਾ ਜਾਵੇ। ਨਾਲ ਹੀ ਕੈਮਿਲਾ ਨੇ ਹਾਈ ਕੋਰਟ ਨੂੰ ਵੀ ਅਪੀਲ ਕੀਤੀ ਕਿ ਉਸ ਦੇ ਮਾਮਲੇ 'ਤੇ ਛੇਤੀ ਕਾਰਵਾਈ ਕੀਤੀ ਜਾਵੇ।

ਚੀਨ ਵਲੋਂ ਪਨਾਮਾ ਦਾ ਰਾਜਦੂਤ ਤਲਬ

ਬੀ.ਆਰ.ਆਈ. ਨੇ ਪਨਾਮਾ ਅਤੇ ਇਸ ਦੇ ਲੋਕਾਂ ਲਈ ਠੋਸ ਲਾਭ ਲਿਆਂਦੇ ਹਨ, ਜਿਸ 'ਚ 150 ਤੋਂ ਵੱਧ ਦੇਸ਼ਾਂ ਨੇ ਹਿੱਸਾ ਲਿਆ ਹੈ। ਹਾਲਾਂਕਿ, ਪਨਾਮਾ ਦੇ ਰਾਸ਼ਟਰਪਤੀ ਮੁਲੀਨੋ ਨੇ ਪਨਾਮਾ ਨੂੰ ਹੋਣ ਵਾਲੇ ਲਾਭਾਂ ਬਾਰੇ ਅਨਿਸ਼ਚਿਤਤਾ ਦਾ ਹਵਾਲਾ ਦਿੰਦੇ ਹੋਏ ਅਪਣੇ ਦੇਸ਼ ਦੇ ਬੀ.ਆਰ.ਆਈ. ਤੋਂ ਬਾਹਰ ਨਿਕਲਣ ਦਾ ਐਲਾਨ ਕੀਤਾ। ਮਾਹਰਾਂ ਦਾ ਮੰਨਣਾ ਹੈ ਕਿ ਪਨਾਮਾ ਦੇ ਬੀ.ਆਰ.ਆਈ. ਤੋਂ ਹਟਣ ਨਾਲ ਲਾਤੀਨੀ ਅਮਰੀਕਾ ਅਤੇ ਵਿਸ਼ਵ ਪੱਧਰ 'ਤੇ ਹੋਰ ਦੇਸ਼ ਵੀ ਇਸ ਦੀ ਪਾਲਣਾ ਕਰ ਸਕਦੇ ਹਨ। ਇਹ ਖੇਤਰ 'ਚ ਚੀਨ ਦੇ ਆਰਥਕ ਪ੍ਰਭਾਵ ਲਈ ਇਕ ਝਟਕਾ ਹੈ। (ਪੀਟੀਆਈ)

ਸ.ਫ਼ਾ 5 ਦੀਆਂ ਬਾਕੀਆਂ

ਦਿੱਲੀ ਤੋਂ ਬਾਅਦ ਹੁਣ ਪੰਜਾਬ ਦੀ ਵਾਰੀ ਹੈ : ਰਵਨੀਤ ਬਿੱਟੂ

ਕਿ 2027 ਤਕ ਪਹੁੰਚਦੇ-ਪਹੁੰਚਦੇ ਕਈ ਮੁੱਖ ਮੰਤਰੀ ਬਦਲ ਜਾਣਗੇ। ਦਿੱਲੀ ਦੇ ਲੋਕਾਂ ਨੇ ਹੁਣ ਦੇਸ਼ ਦੀ ਰਾਜਧਾਨੀ ਭਾਜਪਾ ਨੂੰ ਦੇ ਦਿਤੀ ਹੈ। ਜਲਦੀ ਹੀ ਪੰਜਾਬ ਦੇ ਲੋਕ ਵੀ ਅਜਿਹਾ ਹੀ ਫ਼ੈਸਲਾ ਲੈਣਗੇ। ਆਮ ਆਦਮੀ ਪਾਰਟੀ ਪੰਜਾਬ ਵਿਚ ਸਿਹਤ ਤੇ ਸਿਖਿਆ ਦੇ ਨਾਂ ਤੇ ਸੱਤਾ ਵਿਚ ਆਈ ਸੀ। ਪਿਛਲੇ ਦਿਨੀ ਉਹ ਮੁਹੱਲਾ ਕਲੀਨਿਕਾਂ ਵਿਚ ਹੋ ਕੇ ਆਏ ਹਨ। ਜ਼ਿਆਦਾਤਰ ਮੁਹੱਲਾ ਕਲੀਨਿਕਾਂ ਵਿਚ ਜਾਨਵਰ ਖੁਲ੍ਹੇਆਮ ਘੁੰਮਦੇ ਰਹਿੰਦੇ ਹਨ। ਪੰਜਾਬ ਦੇ 70 ਫ਼ੀ ਸਦੀ ਸਕੂਲਾਂ ਵਿਚ ਪ੍ਰਿੰਸੀਪਲ ਨਹੀਂ ਹਨ। ਬਿੱਟੂ ਨੇ ਕਿਹਾ ਕਿ ਜੇਕਰ ਨੌਜਵਾਨਾਂ ਨੂੰ ਪੰਜਾਬ ਵਿਚ ਹੀ ਰੋਜ਼ਗਾਰ ਮਿਲੇਗਾ ਤਾਂ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਲੋੜ ਨਹੀਂ ਪਵੇਗੀ। ਭਾਜਪਾ ਦੇ ਰਾਜ ਵਿਚ ਅਜਿਹੀ ਵਿਵਸਥਾ ਕੀਤੀ ਜਾਵੇਗੀ ਤਾਂ ਜੋ ਕਿਸੇ ਨੂੰ ਵਿਦੇਸ਼ ਵਿਚ ਜਾ ਕੇ ਕਮਾਈ ਕਰਨ ਬਾਰੇ ਨਾ ਸੋਚਣਾ ਪਵੇ।

ਪੰਜਾਬ ਵਿਧਾਨ ਸਭਾ 'ਚ ਪੰਚਾਇਤੀ ਰਾਜ ਕਮੇਟੀ ਦੀ ਮੀਟਿੰਗ ਵਿਚ ਪੇਂਡੂ ਵਿਕਾਸ ਬਾਰੇ ਹੋਈ ਭਰਵੀਂ ਚਰਚਾ

ਕੰਮਾਂ, ਪਿੰਡਾਂ ਦੇ ਵਿਕਾਸ ਕਾਰਜਾਂ ਅਤੇ ਆਡਿਟ ਪੈਰਿਆਂ ਦੀ ਪੈਂਡੈਂਸੀ ਖ਼ਤਮ ਕਰਨ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਹੋਇਆ। ਕਮੇਟੀ ਵਲੋਂ ਵਿਭਾਗ ਨੂੰ ਇਨ੍ਹਾਂ ਦੇ ਲਾਗੂ ਹੋਣ ਵਿਚ ਆਉਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਢੁਕਵੀਆਂ ਸਿਫ਼ਾਰਸ਼ਾਂ ਵੀ ਕੀਤੀਆਂ ਗਈਆਂ। ਕਮੇਟੀ ਵਲੋਂ ਰਿਪੋਰਟ ਆਗਾਮੀ ਬਜਟ ਸੈਸ਼ਨ ਵ